## ਹਰ ਚੀਜ਼, ਜੋ ਤੁਹਾਨੂੰ Mississauga ਵਿੱਚ ਪਟਾਕੇ ਚਲਾਉਣ ਬਾਰੇ ਜਾਣਨ ਦੀ ਜ਼ਰੂਰਤ ਹੈ?

ਕੀ ਤੁਹਾਨੂੰ ਪਟਾਕੇ ਚਲਾਉਣਾ ਬਹੁਤ ਪਸੰਦ ਹੈ? ਨਿਯਮਾਂ ਦਾ ਸਤਿਕਾਰ ਕਰਨਾ ਅਤੇ ਸੁਰੱਖਿਅਤ ਰੂਪ ਨਾਲ ਪਟਾਕੇ ਚਲਾਉਣਾ ਯਾਦ ਰੱਖੋ।

ਆਤਿਸ਼ਬਾਜ਼ੀ ਦਹਾਕਿਆਂ ਤੋਂ ਜਸ਼ਨਾਂ ਦਾ ਮੁੱਖ ਹਿੱਸਾ ਰਹੀ ਹੈ, ਇਹ ਵਿਸ਼ੇਸ਼ ਮੌਕਿਆਂ ਲਈ ਰਾਤ ਨੂੰ ਅਸਮਾਨ ਨੂੰ ਰੋਸ਼ਨ ਕਰਦੀ ਹੈ। ਚਾਹੇ ਇਹ ਛੁੱਟੀ, ਜਸ਼ਨ, ਸਮਾਗਮ ਜਾਂ ਧਾਰਮਿਕ ਜਾਂ ਸਭਿਆਚਾਰਕ ਕਾਰਨਾਂ ਕਰਕੇ ਹੋਵੇ, ਚਮਕਦਾਰ ਲਾਈਟਾਂ, ਸੋਹਣੇ ਰੰਗ ਅਤੇ ਆਵਾਜ਼ਾਂ ਪੁਰਾਣੇ ਸਮੇਂ ਦੀ ਯਾਦ ਦਿਵਾਉਂਦੀਆਂ ਹਨ।

ਕੀ ਤੁਸੀਂ ਕਦੇ ਸੋਚਿਆ ਹੈ ਕਿ "ਆਤਿਸ਼ਬਾਜ਼ੀ" ਦਾ ਮਤਲਬ ਹੈ, ਪਟਾਕਿਆਂ ਨੂੰ "ਅੱਗ" ਲਗਾਉਣਾ? ਅੰਗਰੇਜ਼ੀ ਵਿੱਚ ਇਹਨਾਂ ਨੂੰ “ਫਾਇਰਵਰਕਸ” ਕਹਿੰਦੇ ਹਨ, ਅਤੇ ਇਸ ਵਿੱਚ “ਫਾਇਰ” ਸ਼ਬਦ ਜੁੜਿਆ ਹੋਇਆ ਹੈ, ਜਿਸਦਾ ਮਤਲਬ ਹੈ, ਅੱਗ। ਕਿਉਂਕਿ ਜੇਕਰ ਉਨ੍ਹਾਂ ਨੂੰ ਸਹੀ ਜਾਂ ਸੁਰੱਖਿਅਤ ਢੰਗ ਨਾਲ ਨਾ ਚਲਾਇਆ ਜਾਵੇ, ਤਾਂ ਇਹ ਅੱਗ ਦਾ ਜੋਖਮ ਪੈਦਾ ਕਰਦੇ ਹਨ।

Mississauga ਵਿੱਚ, ਭਾਈਚਾਰੇ ਵਿੱਚ ਹਰੇਕ ਦੀ ਸੁਰੱਖਿਆ ਅਤੇ ਅਨੰਦ ਨੂੰ ਯਕੀਨੀ ਬਣਾਉਣ ਲਈ, ਪਟਾਕੇ ਚਲਾਉਣ ਨੂੰ by-laws, rules and guidelines (ਬਾਇ-ਲਾਅਜ, ਨਿਯਮਾਂ ਅਤੇ ਨਿਰਦੇਸ਼ਾਂ) ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ।

ਸਾਰੇ ਵਸਨੀਕਾਂ ਲਈ ਇਹ ਸਮਝਣਾ ਮਹੱਤਵਪੂਰਣ ਹੈ ਕਿ ਪਟਾਕੇ ਕੀ ਹਨ, ਉਨ੍ਹਾਂ ਨੂੰ ਕਿਵੇਂ ਅਤੇ ਕਦੋਂ ਚਲਾਇਆ ਜਾ ਸਕਦਾ ਹੈ, ਅਤੇ ਉਨ੍ਹਾਂ ਨੂੰ ਚਲਾਉਣ ਬਾਰੇ ਕੀ ਕਨੂੰਨੀ ਨਿਯਮ ਹਨ। ਤੁਹਾਡੇ ਅਤੇ ਤੁਹਾਡੇ ਆਲੇ ਦੁਆਲੇ ਦੇ ਲੋਕਾਂ ਲਈ - ਸੁਰੱਖਿਆ ਨੂੰ ਤਰਜੀਹ ਦੇਣਾ ਯਾਦ ਰੱਖੋ।



## ਪਟਾਕੇ ਕੀ ਹਨ?

ਪਟਾਕੇ ਖੂਬਸੂਰਤੀ ਅਤੇ ਮਨੋਰੰਜਨ ਦੇ ਉਦੇਸ਼ਾਂ ਲਈ ਤਿਆਰ ਕੀਤੇ ਗਏ ਪਾਈਰੋਟੈਕਨਿਕ-ਵਿਸਫੋਟਕ ਉਪਕਰਣ ਹਨ। ਉਹ ਬਲਨ, ਵਿਸਫੋਟ ਜਾਂ ਦੋਵਾਂ ਦੇ ਸੁਮੇਲ ਦੁਆਰਾ, ਦੇਖਣ ਅਤੇ ਸੁਣਨ ਦੇ ਪ੍ਰਭਾਵ ਪੈਦਾ ਕਰਨ ਲਈ ਤਿਆਰ ਕੀਤੇ ਗਏ ਹਨ। ਉਹ ਕਈ ਕਿਸਮਾਂ ਦੀਆਂ ਆਕ੍ਰਿਤੀਆਂ, ਅਕਾਰ ਅਤੇ ਪ੍ਰਭਾਵਾਂ ਵਿੱਚ ਆਉਂਦੇ ਹਨ ਅਤੇ ਚਮਕਦੇ ਰੰਗ ਅਤੇ ਕਲਾਤਮਕ ਡਿਜ਼ਾਈਨ ਇਹਨਾਂ ਦੀ ਖਾਸੀਅਤ ਹੁੰਦੀ ਹੈ।

National Resources Canada (ਨੈਸ਼ਨਲ ਰਿਸੋਰਸਿਜ ਕੈਨੇਡਾ) ਦੇ ਅਨੁਸਾਰ ਪਟਾਕਿਆਂ ਨੂੰ ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ।

## ਖਪਤਕਾਰ ਪਟਾਕੇ

ਖਪਤਕਾਰ ਪਟਾਕੇ ਬਾਹਰੀ ਅਨੰਦ ਲਈ ਤਿਆਰ ਕੀਤੇ ਗਏ ਹਨ ਅਤੇ ਜਨਤਾ ਦੁਆਰਾ ਚਲਾਏ ਜਾ ਸਕਦੇ ਹਨ। ਹਾਲਾਂਕਿ, ਇਹਨਾਂ ਲਈ ਕੁਝ ਨਿਯਮ ਹੁੰਦੇ ਹਨ, ਜਿਨ੍ਹਾਂ ਦੀ ਪਾਲਣਾ ਕੀਤੀ ਜਾਣੀ ਲਾਜ਼ਮੀ ਹੈ। ਇਨ੍ਹਾਂ ਵਿੱਚ ਰੋਮਨ ਮੋਮਬੱਤੀਆਂ, ਅਨਾਰ, ਚੱਕਰ, ਬੰਬ ਅਤੇ ਵੱਡੇ ਅਨਾਰ ਸ਼ਾਮਲ ਹਨ। ਇੱਥੇ ਵਧੇਰੇ ਜਾਣਕਾਰੀ ਲਵੋ: Explosives Regulations (ਵਿਸਫੋਟਕਾਂ ਸਬੰਧੀ ਵਿਨਿਯਮ)

## ਛੋਟੇ ਪਟਾਕੇ

ਛੋਟੇ ਪਟਾਕੇ, ਜਿਵੇਂ ਫੁਲਝੜੀਆਂ ਜ਼ਿਆਦਾਤਰ ਬਾਹਰ ਚਲਾਈਆਂ ਜਾਂਦੀਆਂ ਹਨ, ਇਹ ਇਨ੍ਹਾਂ ਦੀ ਕਿਸਮ ਤੇ ਵੀ ਨਿਰਭਰ ਕਰਦਾ ਹੈ। ਇਨ੍ਹਾਂ ਪਟਾਕਿਆਂ ਵਿਚ ਥੋੜ੍ਹੀ ਮਾਤਰਾ ਵਿਚ ਪਾਈਰੋਟੈਕਨਿਕ ਮਿਲਾਵਟ ਹੁੰਦੀ ਹੈ।
ਇੱਥੇ ਵਧੇਰੇ ਜਾਣਕਾਰੀ ਲਵੋ: Explosives Regulations (ਵਿਸਫੋਟਕਾਂ ਸਬੰਧੀ ਵਿਨਿਯਮ)।



## Mississauga ਵਿਚ ਆਤਿਸ਼ਬਾਜ਼ੀ

Mississauga ਵਿਚ, ਆਤਿਸ਼ਬਾਜ਼ੀ ਆਮ ਤੌਰ ਤੇ ਕੈਨੇਡਾ ਡੇ (Canada Day), ਨਵੇਂ ਸਾਲ ਦੀ ਸ਼ਾਮ (New Year's Eve) ਅਤੇ ਵਿਆਹ ਅਤੇ ਜਨਮਦਿਨ ਵਰਗੇ ਹੋਰ ਮਹੱਤਵਪੂਰਨ ਸਮਾਗਮਾਂ ਨੂੰ ਕੀਤੀ ਜਾਂਦੀ ਹੈ।

ਹਾਲਾਂਕਿ ਵਸਨੀਕਾਂ ਲਈ ਆਤਿਸ਼ਬਾਜ਼ੀ ਕਰਨਾ ਕਾਨੂੰਨੀ ਹੈ, ਪਰ ਸਿਟੀ ਦੇ ਕਈ ਨਿਯਮਾਂ, ਵਿਨਿਯਮਾਂ ਅਤੇ ਨਿਰਦੇਸ਼ਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ।

ਸਿਟੀ, ਪਟਾਕੇ ਚਲਾਉਣ ਦੇ ਨਿਰਧਾਰਤ ਸਮਿਆਂ ਬਾਰੇ ਸਪਸ਼ਟ ਤੌਰ ਤੇ ਲੋਕਾਂ ਨੂੰ ਦੱਸਦੀ ਹੈ, ਤਾਂ ਜੋ ਲੋਕ ਉਸਦੇ ਮੁਤਾਬਕ ਤਿਆਰੀ ਕਰ ਸਕਣ।

## ਸਿਟੀ ਪਟਾਕਿਆਂ ਦੀ ਇਜਾਜ਼ਤ ਕਿਉਂ ਦਿੰਦੀ ਹੈ? ਇਹ ਨਿਯਮ ਕਿਉਂ ਹਨ?

ਸਿਟੀ ਵਸਨੀਕਾਂ ਨੂੰ ਪਟਾਕੇ ਚਲਾਉਣ ਦੀ ਇਜਾਜ਼ਤ ਇਸਲਈ ਦਿੰਦੀ ਹੈ ਕਿਉਂਕਿ ਉਹ ਸੱਭਿਆਚਾਰਕ ਪਛਾਣ ਨੂੰ ਸੁਰੱਖਿਅਤ ਰੱਖਣ, ਧਾਰਮਿਕ ਪਰੰਪਰਾਵਾਂ ਦਾ ਜਸ਼ਨ ਮਨਾਉਣ ਅਤੇ ਸਾਂਝੇ ਤਜ਼ਰਬਿਆਂ ਰਾਹੀਂ ਭਾਈਚਾਰਿਆਂ ਨੂੰ ਇਕਜੁੱਟ ਕਰਨ ਵਿਚ ਭੂਮਿਕਾ ਨਿਭਾਉਂਦੇ ਹਨ ।

Mississauga ਦੇ ਬਹੁਤ ਸਾਰੇ ਵਸਨੀਕਾਂ ਲਈ, ਪਟਾਕੇ ਮਨੋਰੰਜਨ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਹਨ ਅਤੇ ਇਹ ਕਿਸੇ ਖਾਸ ਚੀਜ਼ ਨਾਲ ਜੁੜੇ ਹੋ ਸਕਦੇ ਹਨ। ਇਨ੍ਹਾਂ ਨੂੰ ਖੁਸ਼ੀ ਦੇ ਪਲਾਂ ਜਾਂ ਇਤਿਹਾਸਕ ਸਮਾਗਮਾਂ ਦੀ ਨਿਸ਼ਾਨਦੇਹੀ ਲਈ ਚਲਾਇਆ ਜਾ ਸਕਦਾ ਹੈ। ਆਤਿਸ਼ਬਾਜ਼ੀ ਲੋਕਾਂ ਨੂੰ ਉਨ੍ਹਾਂ ਦੇ ਵਿਰਸੇ, ਅਧਿਆਤਮਿਕ ਵਿਸ਼ਵਾਸਾਂ ਨਾਲ ਜੁੜਨ ਅਤੇ ਸਨਮਾਨ, ਏਕਤਾ ਅਤੇ ਮਾਣ ਦੀ ਭਾਵਨਾ ਨਾਲ ਜਸ਼ਨ ਮਨਾਉਣ ਵਿਚ ਸਹਾਇਤਾ ਕਰਦੀ ਹੈ।

ਜਨਤਕ ਸੁਰੱਖਿਆ ਅਤੇ ਭਾਈਚਾਰੇ ਦੀ ਭਲਾਈ ਨੂੰ ਉਤਸ਼ਾਹਿਤ ਕਰਦੇ ਹੋਏ, ਸਿਟੀ ਦੇ ਬਾਇ-ਲਾਅਜ ਦੁਆਰਾ ਨਿਰਧਾਰਤ ਸੀਮਾਵਾਂ ਅਤੇ ਪਾਬੰਦੀਆਂ ਦੇ ਅੰਦਰ, ਆਤਿਸ਼ਬਾਜ਼ੀ ਦੀ ਇਜਾਜ਼ਤ ਦੇਣਾ, ਸਾਡੇ ਸ਼ਹਿਰ ਦੇ ਵਿਭਿੰਨ ਸੱਭਿਆਚਾਰਕ ਪਿਛੋਕੜ ਦਾ ਸਤਿਕਾਰ ਕਰਦਾ ਹੈ। ਇਹ ਭਾਈਚਾਰਕ ਸੰਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਸਹਾਇਤਾ ਕਰਦਾ ਹੈ, ਨਾਲ ਹੀ ਉਸ ਤਣਾਅ ਨੂੰ ਵੀ ਘਟਾਉਂਦਾ ਹੈ, ਜੋ ਪਟਾਕਿਆਂ ਦੁਆਰਾ ਸਾਡੇ ਆਲੇ ਦੁਆਲੇ ਦੇ ਲੋਕਾਂ, ਪਾਲਤੂ ਜਾਨਵਰਾਂ, ਜੰਗਲੀ ਜੀਵਾਂ ਅਤੇ ਵਾਤਾਵਰਣ ਨੂੰ ਹੁੰਦਾ ਹੈ। ਇਕੱਠੇ ਮਿਲ ਕੇ, ਇਹ ਸਾਡੇ ਸ਼ਹਿਰ ਨੂੰ ਵਧੇਰੇ ਸ਼ਮੂਲੀਅਤ ਭਰਿਆ, ਜੀਵੰਤ ਬਣਾਉਂਦਾ ਹੈ ਅਤੇ ਉਨ੍ਹਾਂ ਵਸਨੀਕਾਂ ਦੀਆਂ ਖਾਸੀਅਤਾਂ ਨੂੰ ਦਰਸਾਉਂਦਾ ਹੈ, ਜੋ Mississauga ਨੂੰ ਘਰ ਕਹਿੰਦੇ ਹਨ।



## ਜਸ਼ਨਾਂ ਲਈ ਪਟਾਕੇ

ਹਰ ਸਾਲ, ਪੰਜ ਖਾਸ ਜਸ਼ਨਾਂ 'ਤੇ, ਵਸਨੀਕਾਂ ਨੂੰ ਆਪਣੀ ਨਿੱਜੀ ਪ੍ਰਾਪਰਟੀ 'ਤੇ ਘਰ ਵਿੱਚ, ਪਟਾਕੇ ਚਲਾਉਣ ਲਈ ਸਿਟੀ ਤੋਂ ਪਰਮਿਟ ਲੈਣ ਦੀ ਜ਼ਰੂਰਤ ਨਹੀਂ ਹੁੰਦੀ। ਸਿਟੀ ਆਫ Mississauga ਦਾ, ਫਾਇਰਵਰਕਸ ਲਾਇਸੈਂਸਿੰਗ ਐਂਡ ਯੂਜ ਬਾਇ-ਲਾਅ (Fireworks Licensing and Use By-law), Mississauga ਵਿਚ ਪਟਾਕੇ ਚਲਾਉਣ ਨੂੰ ਨਿਯੰਤਰਿਤ ਕਰਦਾ ਹੈ। ਮੌਜੂਦਾ ਬਾਇ-ਲਾਅ ਵਸਨੀਕਾਂ ਨੂੰ ਹੇਠਾਂ ਦਿੱਤੇ ਦਿਨਾਂ ਨੂੰ, ਘਰ ਵਿਚ, ਉਨ੍ਹਾਂ ਦੀ ਨਿੱਜੀ ਪ੍ਰਾਪਰਟੀ 'ਤੇ, ਸ਼ਾਮ ਤੋਂ ਲੈ ਕੇ ਰਾਤ 11 ਵਜੇ ਤੱਕ ਪਟਾਕੇ ਚਲਾਉਣ ਦੀ ਇਜਾਜ਼ਤ ਦਿੰਦਾ ਹੈ:

- ਲੂਨਾਰ ਨਿਊ ਯੀਅਰ (Lunar New Year)
- ਵਿਕਟੋਰੀਆ ਡੇ (Victoria Day)
- ਕੈਨੇਡਾ ਡੇ
- ਦੀਵਾਲੀ
- ਨਵੇਂ ਸਾਲ ਦੀ ਸ਼ਾਮ (ਸ਼ਾਮ ਤੋਂ ਲੈ ਕੇ ਸਵੇਰੇ 1 ਵਜੇ ਤੱਕ)

ਸਿਟੀ ਆਫ Mississauga, ਕੈਨੇਡਾ ਡੇ ਅਤੇ ਨਵੇਂ ਸਾਲ ਦੀ ਸ਼ਾਮ ਨੂੰ, ਜਨਤਾ ਲਈ ਪਟਾਕਿਆਂ ਦੇ ਡਿਸਪਲੇ ਦਾ ਆਯੋਜਨ ਵੀ ਕਰਦੀ ਹੈ, ਤਾਂ ਜੋ ਇਸ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਲੋਕ, ਇੱਕ ਸੁਰੱਖਿਅਤ ਅਤੇ ਅਨੰਦਮਈ ਅਨੁਭਵ ਲੈ ਸਕਣ।

## ਪਟਾਕੇ ਚਲਾਉਣਾ

ਲਾਜ਼ਮੀ ਹੈ ਕਿ ਪਟਾਕੇ ਸਿਰਫ ਬਾਲਗਾਂ ਦੁਆਰਾ ਹੀ ਚਲਾਏ ਜਾਣ। ਖਪਤਕਾਰ ਪਟਾਕੇ ਖਰੀਦਣ, ਸਟੋਰ ਕਰਨ ਅਤੇ ਚਲਾਉਣ ਲਈ ਤੁਹਾਡੀ ਉਮਰ ਘੱਟੋ ਘੱਟ 18 ਸਾਲ ਹੋਣੀ ਲਾਜ਼ਮੀ ਹੈ। ਜੇ ਤੁਸੀਂ ਫੈਸਲਾ ਕਰਦੇ ਹੋ ਕਿ ਤੁਸੀਂ ਪਟਾਕੇ ਚਲਾਉਣੇ ਹਨ, ਤਾਂ ਉਨ੍ਹਾਂ ਨੂੰ ਖਰੀਦਣ ਤੋਂ ਪਹਿਲਾਂ ਤੁਹਾਨੂੰ ਕੁਝ ਚੀਜ਼ਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ।

1. ਸੰਘੀ ਕਾਨੂੰਨਾਂ ਅਤੇ ਮਿਊਨਿਸਿਪਲ ਬਾਇ-ਲਾਅਜ ਨੂੰ ਸਮਝਣ ਲਈ ਸਮਾਂ ਕੱਢੋ (ਉਦਾਹਰਣ ਵਜੋਂ, ਸਿਟੀ ਆਫ Mississauga ਦਾ Fireworks Licensing and Use By-law) (ਫਾਇਰਵਰਕਸ ਲਾਇਸੈਂਸਿੰਗ ਐਂਡ ਯੂਜ ਬਾਇ-ਲਾਅ)।
2. ਪਾਬੰਦੀਆਂ ਬਾਰੇ ਹੋਰ ਜਾਣੋ, ਜਿਵੇਂ ਕਿ ਕੀ ਤੁਹਾਨੂੰ ਪਰਮਿਟ ਦੀ ਜ਼ਰੂਰਤ ਹੈ ਅਤੇ ਅਰਜ਼ੀ ਕਿਵੇਂ ਦੇਣੀ ਹੈ।
3. ਸਮਝੋ ਕਿ ਤੁਹਾਨੂੰ Mississauga ਵਿਚ ਕਿੱਥੇ ਅਤੇ ਕਦੋਂ ਪਟਾਕੇ ਚਲਾਉਣ ਦੀ ਇਜਾਜ਼ਤ ਹੈ।
4. ਕਿਸੇ ਭਰੋਸੇਯੋਗ ਵਿਕਰੇਤਾ ਤੋਂ ਪਟਾਕੇ ਖਰੀਦੋ। ਜਿਹੜੇ Mississauga ਵਿਚ ਪਟਾਕੇ ਵੇਚ ਸਕਦੇ ਹਨ, ਉਨ੍ਹਾਂ ਨੂੰ ਸਿਟੀ ਦੁਆਰਾ ਪਟਾਕੇ ਵੇਚਣ ਦਾ ਲਾਇਸੈਂਸ ਦਿੱਤਾ ਜਾਂਦਾ ਹੈ।

5. ਹਮੇਸ਼ਾਂ ਦੇਖੋ ਕਿ ਕੀ Mississauga ਵਿੱਚ ਅੱਗ ਸਬੰਧੀ ਕੋਈ ਪਾਬੰਦੀ ਹੈ। ਪਟਾਕੇ ਚਿੰਗਾਰੀਆਂ ਪੈਦਾ ਕਰਦੇ ਹਨ, ਜੋ ਗਰਮ ਅਤੇ ਖੁਸ਼ਕ ਮੌਸਮ ਦੇ ਦੌਰਾਨ ਅੱਗ ਦਾ ਕਾਰਨ ਬਣ ਸਕਦੀਆਂ ਹਨ ਅਤੇ ਹੋ ਸਕਦਾ ਹੈ ਕਿ ਇਹ ਅੱਗ ਸਬੰਧੀ ਪਾਬੰਦੀ ਵਿੱਚ ਸ਼ਾਮਲ ਹੋਵੇ।
6. ਯਾਦ ਰੱਖੋ ਕਿ ਪਟਾਕੇ ਸਿਰਫ ਸਿਟੀ ਦੇ ਬਾਇ-ਲਾਅ ਦੁਆਰਾ ਨਿਰਧਾਰਤ ਇਜਾਜ਼ਤ ਵਾਲੇ ਘੰਟਿਆਂ ਦੇ ਅੰਦਰ ਹੀ ਚਲਾਉਣੇ ਹਨ।
7. ਆਪਣੇ ਗੁਆਂਢੀਆਂ, ਜਿਨ੍ਹਾਂ ਵਿੱਚ ਬਜ਼ੁਰਗ, ਬੱਚੇ, ਪਾਲਤੂ ਜਾਨਵਰ ਅਤੇ ਅਪਾਹਜ ਹਨ, ਦਾ ਧਿਆਨ ਰੱਖੋ।




## ਪਰਮਿਟਸ

ਜੇ ਵਸਨੀਕ ਇਜਾਜ਼ਤ ਵਾਲੇ ਦਿਨਾਂ ਤੋਂ ਇਲਾਵਾ ਕਿਸੇ ਵੀ ਦਿਨ ਨਿੱਜੀ ਪ੍ਰਾਪਰਟੀ 'ਤੇ ਪਟਾਕੇ ਚਲਾਉਣਾ ਚਾਹੁੰਦੇ ਹਨ, ਤਾਂ ਉਹ apply for a fireworks display permit (ਪਟਾਕੇ ਡਿਸਪਲੇ ਪਰਮਿਟ ਲਈ ਅਪਲਾਈ ਕਰ ਸਕਦੇ ਹਨ)। ਇਹ ਪਰਮਿਟ Mississauga ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ (ਐਮ.ਐਫ.ਈ.ਐਸ.) (Mississauga Fire and Emergency Services) (MFES) ਦੁਆਰਾ ਮਨਜ਼ੂਰ ਕੀਤੇ ਗਏ ਹਨ। ਸਿਟੀ ਦੇ ਪਾਰਕਾਂ ਵਿਚ ਪਟਾਕੇ ਚਲਾਉਣ ਲਈ ਵੀ ਸਿਟੀ ਤੋਂ ਪਰਮਿਟ ਲੈਣਾ ਜ਼ਰੂਰੀ ਹੈ। ਜਨਤਕ ਸੜਕਾਂ 'ਤੇ ਪਟਾਕੇ ਚਲਾਉਣ ਦੀ ਮਨਾਹੀ ਹੈ।

## ਪਟਾਕੇ ਖਰੀਦਣਾ

ਪਟਾਕੇ ਅਕਸਰ ਛੁੱਟੀਆਂ ਜਾਂ ਵੱਡੇ ਸਭਿਆਚਾਰਕ ਜਾਂ ਧਾਰਮਿਕ ਜਸ਼ਨਾਂ ਦੇ ਸਮੇਂ ਖਰੀਦੇ ਜਾਂਦੇ ਹਨ। ਅਜਿਹੇ ਲਾਇਸੈਂਸਸ਼ੁਦਾ ਅਤੇ ਭਰੋਸੇਯੋਗ ਸਟੋਰਾਂ ਤੋਂ ਹੀ ਪਟਾਕੇ ਖਰੀਦੋ, ਜੋ ਸੰਘੀ ਅਤੇ ਮਿਉਨਿਸਿਪਲ ਨਿਯਮਾਂ ਦੀ ਪਾਲਣਾ ਕਰਦੇ

ਹਨ। ਗੈਰਕਾਨੂੰਨੀ ਵਿਸਫੋਟਕਾਂ, ਛੋਟੇ ਪਟਾਕਿਆਂ ਅਤੇ ਵੱਡੇ ਪਟਾਕਿਆਂ ਤੋਂ ਦੂਰ ਰਹੋ। ਖੁਦ ਪਟਾਕੇ ਬਣਾਉਣ ਦੀ ਕੋਸ਼ਿਸ਼ ਨਾ ਕਰੋ।

## ਪਟਾਕਿਆਂ ਨੂੰ ਲਿਆਉਣਾ-ਲਿਜਾਣਾ ਅਤੇ ਸਟੋਰ ਕਰਨਾ

ਪਟਾਕਿਆਂ ਨੂੰ ਜ਼ਿੰਮੇਵਾਰੀ ਨਾਲ ਲਿਆਓ-ਲਿਜਾਓ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਨੂੰ ਨੁਕਸਾਨ ਨਹੀਂ ਪਹੁੰਚਿਆ ਹੈ। ਇਹ ਯਕੀਨੀ ਬਣਾਓ ਕਿ ਉਹ ਸੁਰੱਖਿਅਤ ਢੰਗ ਨਾਲ ਸਟੋਰ ਕੀਤੇ ਗਏ ਹਨ, ਜਿੱਥੇ ਬੱਚੇ ਉਨ੍ਹਾਂ ਤੱਕ ਨਹੀਂ ਪਹੁੰਚ ਸਕਦੇ। ਉਨ੍ਹਾਂ ਨੂੰ ਗਰਮੀ ਦੇ ਸਰੋਤਾਂ, ਜਲਣਸ਼ੀਲ ਪਦਾਰਥਾਂ ਤੋਂ ਦੂਰ ਰੱਖੋ ਅਤੇ ਉਨ੍ਹਾਂ ਨੂੰ ਸਿਰਫ ਬਾਹਰ ਹੀ ਚਲਾਓ।

## ਪਟਾਕੇ ਚਲਾਉਣਾ

ਪਟਾਕਿਆਂ ਨੂੰ ਸੰਭਾਲਣ ਅਤੇ ਚਲਾਉਣ ਵੇਲੇ ਸੁਰੱਖਿਆ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ। ਹੇਠਾਂ ਪਾਲਣਾ ਕਰਨ ਲਈ Canada Safety Council (ਕੈਨੇਡਾ ਸੇਫਟੀ ਕਾਉਂਸਿਲ) ਦੇ ਕੁਝ ਸੁਝਾਅ ਅਤੇ ਨਿਰਦੇਸ਼ ਦਿੱਤੇ ਗਏ ਹਨ:

- ਆਪਣੇ ਆਪ ਨੂੰ ਸੰਘੀ ਕਾਨੂੰਨਾਂ ਅਤੇ ਸਿਟੀ ਦੇ ਬਾਇ-ਲਾਅਜ ਨਾਲ ਜਾਣੂ ਕਰਵਾ ਕੇ ਨਿਯਮਾਂ ਨੂੰ ਜਾਣੋ।
- ਤੁਹਾਡੇ ਦੁਆਰਾ ਖਰੀਦੇ ਗਏ ਹਰੇਕ ਪਟਾਕੇ 'ਤੇ ਦਿੱਤੇ ਗਏ ਨਿਰਦੇਸ਼, ਸਾਵਧਾਨੀ ਅਤੇ ਚਿਤਾਵਨੀ ਲੇਬਲ ਨੂੰ ਪੜ੍ਹੋ।
- ਪਟਾਕੇ ਚਲਾਉਣ ਲਈ ਨਿੱਜੀ ਪ੍ਰਾਪਰਟੀ 'ਤੇ ਬਾਹਰ ਇੱਕ ਸਾਫ, ਖੁੱਲੀ ਜਗ੍ਹਾ ਦੀ ਚੋਣ ਕਰੋ। ਘਰਾਂ, ਵਾਹਨਾਂ, ਰੁੱਖਾਂ, ਉੱਪਰ ਲਟਕਦੀਆਂ ਤਾਰਾਂ, ਅਤੇ ਜਲਣਸ਼ੀਲ ਚੀਜ਼ਾਂ ਤੋਂ ਦੂਰ ਪਟਾਕੇ ਚਲਾਓ। ਟਿਕਾ ਕੇ ਰੱਖਣ ਲਈ ਸਖਤ, ਚਪਟੀ ਅਤੇ ਬਰਾਬਰ ਸਤ੍ਹਾ 'ਤੇ ਪਟਾਕੇ ਚਲਾਓ।
- ਬੱਚਿਆਂ ਨੂੰ ਸੁਰੱਖਿਅਤ ਦੂਰੀ 'ਤੇ ਅਤੇ ਜਿੱਥੇ ਪਟਾਕੇ ਜਲਾਏ ਜਾ ਰਹੇ ਹਨ, ਉਸ ਥਾਂ ਤੋਂ ਦੂਰ ਰੱਖੋ। ਇਹ ਯਕੀਨੀ ਬਣਾਉਣ ਲਈ ਹਵਾ 'ਤੇ ਨਜ਼ਰ ਰੱਖੋ ਕਿ ਇਹ ਦੇਖਣ ਵਾਲਿਆਂ ਤੋਂ ਦੂਜੇ ਪਾਸੇ ਚੱਲ ਰਹੀ ਹੈ।
- ਦੇਖਣ ਵਾਲਿਆਂ ਨੂੰ ਡਿਸਪਲੇ ਤੋਂ ਦੂਰ ਰਹਿਣਾ ਚਾਹੀਦਾ ਹੈ। ਪਟਾਕਿਆਂ ਦੇ ਲੇਬਲ 'ਤੇ ਲਿਖੀ ਸੁਰੱਖਿਆ ਦੂਰੀ ਦੇਖੋ।
- ਪਟਾਕਿਆਂ ਨੂੰ ਸੰਭਾਲਣ ਵੇਲੇ ਸੁਰੱਖਿਆ ਵਾਲੀਆਂ ਐਨਕਾਂ ਅਤੇ ਦਸਤਾਨੇ ਪਹਿਨੋ। ਬਾਂਹ ਦੀ ਲੰਬਾਈ ਤੱਕ ਦੂਰ ਲਿਜਾ ਕੇ ਜਲਾਓ ਅਤੇ ਫਿਰ ਪਿੱਛੇ ਹਟ ਜਾਓ।

- ਕਦੇ ਵੀ ਪਟਾਕਿਆਂ 'ਤੇ ਨਾ ਝੁਕੋ। ਵਾਲਾਂ ਅਤੇ ਕੱਪੜਿਆਂ ਨੂੰ ਅੱਗ ਦੇ ਸਰੋਤਾਂ ਤੋਂ ਦੂਰ ਰੱਖੋ।
- ਕਦੇ ਵੀ ਖਰਾਬ ਪਟਾਕੇ ਨੂੰ ਦੁਬਾਰਾ ਜਲਾਉਣ ਦੀ ਕੋਸ਼ਿਸ਼ ਨਾ ਕਰੋ।
- ਕਦੇ ਵੀ ਜਲੇ ਹੋਏ ਪਟਾਕੇ ਨੂੰ ਆਪਣੇ ਹੱਥ ਵਿੱਚ ਨਾ ਫੜੋ।
- ਖਰਾਬ ਹੋਣ ਦੇ ਜੋਖਮ ਨੂੰ ਘਟਾਉਣ ਲਈ ਇੱਕ ਸਮੇਂ 'ਤੇ ਇੱਕ ਪਟਾਕਾ ਹੀ ਜਲਾਓ।
- ਰੇਤ ਦੀ ਇੱਕ ਬਾਲਟੀ, ਪਾਣੀ ਦੀ ਬਾਲਟੀ ਜਾਂ ਪਾਈਪ ਅਤੇ ਇੱਕ ਚਾਲੂ ਅੱਗ ਬੁਝਾਉਣ ਵਾਲਾ ਯੰਤਰ ਕੋਲ ਰੱਖੋ।

## ਪਟਾਕਿਆਂ ਦਾ ਨਿਬੇੜਾ

ਚਲਾਏ ਗਏ ਜਾਂ ਬਚੇ ਹੋਏ ਪਟਾਕਿਆਂ ਦੇ ਨਿਬੇੜੇ ਲਈ, ਪਟਾਕਿਆਂ ਨੂੰ ਪੂਰੀ ਤਰ੍ਹਾਂ ਪਾਣੀ ਵਿੱਚ ਡੁਬੋ ਕੇ ਰਾਤਭਰ ਪਾਣੀ ਵਿਚ ਭਿਓਂ ਕੇ ਰੱਖੋ। ਭਿੱਜੇ ਹੋਏ ਪਟਾਕਿਆਂ ਨੂੰ ਪਲਾਸਟਿਕ ਦੇ ਬੈਗ ਵਿਚ ਲਪੇਟੋ, ਤਾਂ ਜੋ ਉਨ੍ਹਾਂ ਨੂੰ ਸੁੱਕਣ ਤੋਂ ਰੋਕਿਆ ਜਾ ਸਕੇ ਅਤੇ ਉਨ੍ਹਾਂ ਨੂੰ ਆਪਣੇ ਕੂੜੇਦਾਨ ਵਿਚ ਸੁੱਟ ਦਿਓ।

ਉਸ ਖੇਤਰ ਨੂੰ ਸਾਫ ਜ਼ਰੂਰ ਕਰੋ, ਜਿੱਥੇ ਤੁਸੀਂ ਪਟਾਕੇ ਚਲਾਏ ਸਨ। ਬਚੇ ਹੋਏ ਕਿਸੇ ਵੀ ਮਲਬੇ, ਰੈਪਰ, ਪੈਕਿੰਗ ਸਮੱਗਰੀ ਨੂੰ ਹਟਾਓ ਅਤੇ ਉਨ੍ਹਾਂ ਨੂੰ ਆਪਣੇ ਕੂੜੇਦਾਨ ਵਿੱਚ ਸੁੱਟ ਦਿਓ।



## ਸ਼ੋਰ ਦੇ ਪੱਧਰ ਅਤੇ ਪਾਲਤੂ ਜਾਨਵਰ

ਪਟਾਕੇ ਤੇਜ਼ ਅਤੇ ਕਾਫੀ ਸ਼ੋਰ ਕਰਨ ਵਾਲੇ ਹੁੰਦੇ ਹਨ। ਉੱਚੀਆਂ ਆਵਾਜ਼ਾਂ ਪਾਲਤੂ ਜਾਨਵਰਾਂ ਲਈ ਤਣਾਅਪੂਰਨ ਅਤੇ ਕੁਝ ਵਸਨੀਕਾਂ ਲਈ ਬੇਚੈਨ ਕਰਨ ਵਾਲੀਆਂ ਹੋ ਸਕਦੀਆਂ ਹਨ। ਇਸਦੇ ਪ੍ਰਭਾਵ ਨੂੰ ਘੱਟ ਕਰਨ ਲਈ, ਪਾਲਤੂ ਜਾਨਵਰਾਂ ਦੇ ਮਾਲਕ ਪਹਿਲੋਂ ਕੁਝ ਕਦਮ ਚੁੱਕ ਸਕਦੇ ਹਨ, ਜਿਵੇਂ ਕਿ ਪਟਾਕਿਆਂ ਦੇ ਸਿਖਰ ਦੇ ਘੰਟਿਆਂ ਦੌਰਾਨ ਜਾਨਵਰਾਂ ਨੂੰ ਘਰ ਦੇ ਅੰਦਰ ਰੱਖਣਾ, ਇੱਕ ਸ਼ਾਂਤ ਅਤੇ ਆਰਾਮਦਾਇਕ ਜਗ੍ਹਾ ਬਣਾਉਣਾ, ਅਤੇ ਉਨ੍ਹਾਂ ਨੂੰ ਸ਼ਾਂਤ ਰੱਖਣ ਵਿੱਚ ਮਦਦ ਲਈ, ਸ਼ਾਂਤ ਕਰਨ ਦੀਆਂ ਤਕਨੀਕਾਂ ਜਾਂ ਸੰਗੀਤ ਦੀ ਵਰਤੋਂ ਕਰਨਾ।

ਜਿਨ੍ਹਾਂ ਵਸਨੀਕਾਂ ਨੂੰ ਸ਼ੋਰ ਤੋਂ ਬਹੁਤ ਜ਼ਿਆਦਾ ਪਰੇਸ਼ਾਨੀ ਹੁੰਦੀ ਹੈ ਜਾਂ ਜੋ ਸ਼ੋਰ ਦੇ ਪ੍ਰਤੀ ਸੰਵੇਦਨਸ਼ੀਲ ਹਨ, ਉਹ ਈਅਰਪਲੱਗਾਂ, ਆਵਾਜ਼ ਵਾਲੀਆਂ ਮਸ਼ੀਨਾਂ ਤੋਂ ਲਾਭ ਲੈ ਸਕਦੇ ਹਨ ਜਾਂ ਜਿਨ੍ਹਾਂ ਖੇਤਰਾਂ ਵਿੱਚ ਪਟਾਕੇ ਕਾਫੀ ਜ਼ਿਆਦਾ ਚਲਾਏ ਜਾਂਦੇ ਹਨ, ਉੱਥੋਂ ਦੂਰ ਕਿਤੇ ਸ਼ਾਂਤ ਸਮਾਂ ਬਿਤਾਉਣ ਦੀ ਯੋਜਨਾ ਬਣਾ ਸਕਦੇ ਹਨ।

## ਜੇ ਤੁਹਾਡਾ ਗੁਆਂਢੀ ਪਟਾਕੇ ਚਲਾ ਰਿਹਾ ਹੈ

Mississauga ਇਕ ਸ਼ਮੂਲੀਅਤ ਭਰਿਆ ਸ਼ਹਿਰ ਹੈ, ਅਤੇ ਸਾਡੇ ਭਾਈਚਾਰੇ ਨੂੰ ਸੁਰੱਖਿਅਤ ਅਤੇ ਖੁਸ਼ਹਾਲ ਰੱਖਣ ਵਿਚ ਹਰ ਕਿਸੇ ਦੀ ਆਪੋ-ਆਪਣੀ ਭੂਮਿਕਾ ਹੈ। ਹਾਲਾਂਕਿ ਪਟਾਕੇ ਵਾਲਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸੁਰੱਖਿਅਤ ਅਤੇ ਕਾਨੂੰਨੀ ਤੌਰ 'ਤੇ ਪਟਾਕੇ ਚਲਾਉਣ, ਪਰ ਭਾਈਚਾਰੇ ਦੇ ਦੂਜੇ ਲੋਕਾਂ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਸਿਟੀ ਨੂੰ ਪਟਾਕਿਆਂ ਸਬੰਧੀ ਘਟਨਾ ਦੀ ਰਿਪੋਰਟ ਕਰਨ ਤੋਂ ਪਹਿਲਾਂ ਪਟਾਕਿਆਂ ਦੇ ਨਿਯਮਾਂ ਤੋਂ ਜਾਣੂ ਹੋਣ।

ਪਹਿਲਾਂ, ਇਹ ਵੇਖਣ ਲਈ ਸਿਟੀ ਦੇ fireworks webpage (ਫਾਇਰਵਰਕਸ ਵੈਬਪੇਜ) ਨੂੰ ਦੇਖੋ ਕਿ ਕੀ ਤੁਹਾਡਾ ਗੁਆਂਢੀ ਸਿਟੀ ਦੁਆਰਾ ਇਜਾਜ਼ਤ ਦਿੱਤੀਆਂ ਤਾਰੀਖਾਂ 'ਤੇ, ਆਪਣੀ ਨਿੱਜੀ ਪ੍ਰਾਪਰਟੀ' ਤੇ ਘਰ ਵਿੱਚ, ਅਤੇ ਇਜਾਜ਼ਤ ਦਿੱਤੇ ਘੰਟਿਆਂ ਦੇ ਅੰਦਰ ਪਟਾਕੇ ਚਲਾ ਰਿਹਾ ਹੈ – ਜੋ ਕਿ ਪਟਾਕਿਆਂ ਦੀ ਕਾਨੂੰਨੀ ਵਰਤੋਂ ਨੂੰ ਦਰਸਾਉਂਦਾ ਹੈ। ਜੇ ਤੁਹਾਨੂੰ ਪਟਾਕੇ ਚਲਾਉਣ ਬਾਰੇ ਸੁਰੱਖਿਆ ਸਬੰਧੀ ਚਿੰਤਾਵਾਂ ਹਨ, ਤਾਂ ਤੁਸੀਂ ਆਪਣੇ ਗੁਆਂਢੀ ਨਾਲ ਗੱਲ ਕਰ ਸਕਦੇ ਹੋ, ਜੇ ਤੁਹਾਡਾ ਉਨ੍ਹਾਂ ਨਾਲ ਚੰਗਾ ਸੰਬੰਧ ਹੈ। ਵਿਕਲਪਿਕ ਤੌਰ' ਤੇ, online form (ਔਨਲਾਈਨ ਫਾਰਮ) ਰਾਹੀਂ ਜਾਂ 311 'ਤੇ ਕਾੱਲ ਕਰਕੇ, ਸਿਟੀ ਨੂੰ ਪਟਾਕਿਆਂ ਦੀ ਗੈਰਕਾਨੂੰਨੀ ਵਰਤੋਂ ਬਾਰੇ ਰਿਪੋਰਟ ਕਰੋ।

## ਸਿਟੀ ਦੇ ਬਾਇ-ਲਾਅਜ ਦੀ ਦੁਰਵਰਤੋਂ ਜਾਂ ਪਾਲਣਾ ਨਾ ਕਰਨਾ

ਜੇ ਤੁਹਾਡੇ ਗੁਆਂਢ ਜਾਂ ਭਾਈਚਾਰੇ ਵਿੱਚ ਕੋਈ ਪਟਾਕਿਆਂ ਦੀ ਦੁਰਵਰਤੋਂ ਕਰ ਰਿਹਾ ਹੈ, ਤਾਂ ਕਿਰਪਾ ਕਰਕੇ 311 'ਤੇ ਕਾੱਲ ਕਰੋ। ਕਿਰਪਾ ਕਰਕੇ ਪਟਾਕਿਆਂ ਸਬੰਧੀ ਸ਼ਿਕਾਇਤਾਂ ਲਈ 911 'ਤੇ ਕਾੱਲ ਨਾ ਕਰੋ, ਜਦੋਂ ਤੱਕ ਅੱਗ, ਸੱਟ ਜਾਂ ਮੌਤ ਵਰਗੀ ਐਮਰਜੈਂਸੀ ਨਾ ਹੋਵੇ।

ਨਿਵਾਸੀ ਪਟਾਕਿਆਂ ਬਾਰੇ ਹੇਠ ਲਿਖੇ ਤਰੀਕਿਆਂ ਨਾਲ ਵੀ ਸਿਟੀ ਨਾਲ ਸੰਪਰਕ ਕਰ ਸਕਦੇ ਹਨ:

- ਪਟਾਕਿਆਂ ਦੀ ਗੈਰਕਾਨੂੰਨੀ ਵਰਤੋਂ ਜਾਂ ਪਟਾਕਿਆਂ ਦੀ ਗਲਤ ਵਿਕਰੀ ਲਈ, ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ 311 (ਸਿਟੀ ਦੀਆਂ ਸੀਮਾਵਾਂ ਦੇ ਬਾਹਰੋਂ 905-615-4311 'ਤੇ) 'ਤੇ Submit a complaint online (ਔਨਲਾਈਨ ਇੱਕ ਸ਼ਿਕਾਇਤ ਦਰਜ ਕਰੋ)। ਵਸਨੀਕਾਂ ਵੱਲੋਂ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ, ਜੇ ਜਰੂਰੀ ਹੋਵੇਗਾ ਤਾਂ ਸਿਟੀ ਦਾ ਐਨਫੋਰਸਮੈਂਟ ਸਟਾਫ ਇਸਦਾ ਜਵਾਬ ਦੇਵੇਗਾ। ਇਸ ਜਵਾਬ ਵਿੱਚ ਇੱਕ ਔਨਸਾਈਟ ਜਾਂਚ ਸ਼ਾਮਲ ਹੋ ਸਕਦੀ ਹੈ। ਪਟਾਕਿਆਂ ਦੀ ਗੈਰਕਾਨੂੰਨੀ ਵਰਤੋਂ ਕਰਨ 'ਤੇ $300 ਜਾਂ ਇਸ ਤੋਂ ਵੱਧ ਦਾ ਜ਼ੁਰਮਾਨਾ ਹੋ ਸਕਦਾ ਹੈ।
- ਜੇ ਸਿਟੀ ਪਾਰਕਾਂ ਵਿਚ ਜਾਂ ਸਕੂਲ ਦੀ ਪ੍ਰਾਪਰਟੀ' ਤੇ ਪਟਾਕੇ ਚਲਾਏ ਜਾ ਰਹੇ ਹਨ, ਤਾਂ ਫੈਸੀਲਿਟੀ ਵਾਚ ਪ੍ਰੋਗਰਾਮ (Facility Watch Program) ਨੂੰ 905-615-4060 'ਤੇ ਕਾਲ ਕਰੋ।
- ਪਟਾਕਿਆਂ ਸਬੰਧੀ ਹੋਰ ਸਾਰੀ ਪੁੱਛਗਿੱਛ ਲਈ, Mississauga ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ ਦੀ ਗੈਰ-ਐਮਰਜੈਂਸੀ ਲਾਈਨ, 905-456-5700 ’ਤੇ ਕਾੱਲ ਕਰੋ।

ਥੋੜ੍ਹੀ ਯੋਜਨਾ ਬਣਾ ਕੇ, ਨਿਯਮਾਂ ਅਤੇ ਨਿਰਦੇਸ਼ਾਂ ਨੂੰ ਸਮਝ ਕੇ ਅਤੇ ਇਹਨਾਂ ਦੀ ਪਾਲਣਾ ਕਰਕੇ, ਪੂਰੇ Mississauga ਦੇ ਵਸਨੀਕ, ਉਨ੍ਹਾਂ ਲਈ ਸਤਿਕਾਰ ਦਿਖਾਉਂਦੇ ਹੋਏ, ਜੋ ਇਸਤੋਂ ਪ੍ਰਭਾਵਿਤ ਹੋ ਸਕਦੇ ਹਨ ਜਾਂ ਜਿਨ੍ਹਾਂ ਨੂੰ ਪਟਾਕਿਆਂ ਤੋਂ ਬਹੁਤ ਜ਼ਿਆਦਾ ਪਰੇਸ਼ਾਨੀ ਹੁੰਦੀ ਹੈ ਜਾਂ ਜੋ ਪਟਾਕਿਆਂ ਦੇ ਪ੍ਰਤੀ ਸੰਵੇਦਨਸ਼ੀਲ ਹਨ, ਪਟਾਕਿਆਂ ਦਾ ਅਨੰਦ ਲੈ ਸਕਦੇ ਹਨ।

Mississauga ਵਿੱਚ ਪਟਾਕਿਆਂ ਦੀ ਵਰਤੋਂ ਬਾਰੇ ਵਧੇਰੇ ਜਾਣਕਾਰੀ ਲਈ, mississauga.ca/fireworks ਤੇ ਜਾਓ।